# <u>ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈਸਿ) ਮਾਨਸਾ</u>

ਵੱਲ ,

ਸਬੰਧਤ ਸਕੂਲ ਮੁੱਖੀ
ਜਿਲ੍ਹਾ ਮਾਨਸਾ।

ਪੱਤਰ ਨੰ:ਲੇਖਾ-4/1 ()/ਪ੍ਰੀ ਮੈ ਐਸ.ਸੀ/2024
ਮਿਤੀ ਮਾਨਸਾ 01.02.2024

ਵਿਸ਼ਾ:- **ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ ਐਂਡ ਅਦਰਜ (ਕੰਪੋ-1 ਅਤੇ 2) ਸਕੀਮ ਅਧੀਨ ਸਾਲ 2023-24 ਦੇ ਯੋਗ ਲਾਭਪਾਤਰੀਆਂ ਨੂੰ ਐਨ.ਐਸ.ਪੀ ਪੋਰਟਲ ਤੇ ਅਪਲਾਈ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ ਐਂਡ ਅਦਰਜ (ਕੰਪੋ-1 ਅਤੇ 2) ਸਕੀਮ 2023-24 ਵਿੱਚ ਐਸ.ਸੀ ਯੋਗ ਲਾਭਪਾਤਰੀਆਂ ਨੂੰ ਅਪਲਾਈ ਕਰਵਾਉਣਾ ਯਕੀਨੀ ਬਣਾਇਆ ਜਾਵੇ। ਇਸ ਸਬੰਧੀ ਪਹਿਲਾਂ ਜਾਰੀ ਪੱਤਰ (ਮਿਤੀ 08.01.2024) ਵਿੱਚ ਵੀ ਹਦਾਇਤ ਕੀਤੀ ਗਈ ਸੀ, ਜਿਲ੍ਹਾ ਮਾਨਸਾ ਦੇ ਕੁਲ **9675** ਵਿਦਿਆਰਥੀ ਵਜੀਫਾ ਅਪਲਾਈ ਯੋਗ ਹਨ, ਪ੍ਰੰਤੂ ਹਾਲੇ ਵੀ ਸਿਰਫ 37% ਵਿਦਿਆਰਥੀਆਂ ਵੱਲੋਂ ਹੀ ਅਪਲਾਈ ਕੀਤਾ ਗਿਆ ਹੈ।

ਦੁਬਾਰਾ ਹਦਾਇਤ ਕਰਦੇ ਹੋਏ ਲਿਖਿਆ ਜਾਂਦਾ ਹੈ ਕਿ ਐਸ.ਸੀ ਯੋਗ ਵਿਦਿਆਰਥੀਆਂ ਨੂੰ ਐਨ.ਐਸ.ਪੀ ਪੋਰਟਲ ਤੇ ਅਪਲਾਈ ਕਰਵਾਇਆ ਜਾਣਾ ਹੈ। ਇਹਨਾਂ ਨੂੰ ਜਲਦ ਤੋਂ ਜਲਦ ਅਪਲਾਈ ਕਰਵਾਇਆ ਜਾਵੇ। ਇਸ ਵਿੱਚ ਸਕੂਲ/ ਯੋਗ ਵਿਦਿਆਰਥੀਆਂ ਵੱਲੋਂ ਅਪਲਾਈ ਕਰਨ ਦੀ **ਆਖਰੀ ਮਿਤੀ 05.02.2024** ਹੈ। ਕਿਸੇ ਵੀ ਯੋਗ ਵਿਦਿਆਰਥੀ ਦੇ ਵਜੀਫਾ ਅਪਲਾਈ ਕਰਨ ਤੋਂ ਪੈਂਡਿੰਗ ਹੋਣ ਤੇ ਸਕੂਲ ਮੁੱਖੀ, ਵਜੀਫਾ ਨੋਡਲ ਅਤੇ ਕਲਾਸ ਇੰਚਾਰਜ ਦੀ ਜਿੰਮੇਵਾਰੀ ਹੋਵੇਗੀ।

ਨੋਟ: ਮਿਤੀ 09.02.2024 ਤੱਕ ਸਾਰੇ ਸਕੂਲ ਮੁੱਖੀਆਂ ਵੱਲੋਂ ਹੇਠ ਲਿਖੇ ਅਨੁਸਾਰ ਸਰਟੀਫਿਕੇਟ ਦਿੱਤਾ ਜਾਵੇ।

ਨੱਥੀ: ਸਰਟੀਫਿਕੇਟ ਨਮੂਨਾ

**(ਅਸ਼ੋਕ ਕੁਮਾਰ)**
ਉਪ ਜਿਲ੍ਹਾ ਸਿੱਖਿਆ ਅਫਸਰ (ਸੈਸਿ)
ਮਾਨਸਾ।

# ਦਫਤਰ ਸਸਸ/ਸਹਸ/ਸਮਸ................................................... ਜਿਲ੍ਹਾ ਮਾਨਸਾ

ਮਿਤੀ :............................

## ਸਰਟੀਫਿਕੇਟ

ਤਸਦੀਕ ਕੀਤਾ ਜਾਂਦਾ ਹੈ ਕਿ ਸਸਸ/ ਸਹਸ/ ਸਮਸ ............ ........... .............. ਦੇ ਸਾਰੇ ਜਨਰਲ/ਐਸ.ਸੀ/ ਐਸ.ਟੀ/ ਬੀ.ਸੀ/ ਮਲੀਨ ਕਿੱਤਾ/ ਆਦਿ ਯੋਗ ਵਿਦਿਆਰਥੀਆਂ ਨੂੰ ਸੈਸ਼ਨ 2023-24 ਵਿੱਚ ਸਬੰਧਤ ਵੱਖ ਵੱਖ ਸਕੀਮਾਂ ਵਿੱਚ ਅਪਲਾਈ ਕਰਵਾ ਦਿੱਤਾ ਗਿਆ ਹੈ। ਇਸ ਸਕੂਲ ਵਿੱਚ ਕੋਈ ਵੀ ਅਜਿਹਾ ਵਿਦਿਆਰਥੀ ਨਹੀਂ ਹੈ ਜੋ ਆਪਣੇ ਨਾਲ ਸਬੰਧਤ ਸਕੀਮ ਵਿੱਚ ਵਜੀਫਾ ਅਪਲਾਈ ਕਰਨ ਤੋਂ ਵਾਂਝਾ ਰਹਿ ਗਿਆ ਹੋਵੇ। ਇਹ ਆਪ ਜੀ ਦੀ ਜਾਣਕਾਰੀ ਹਿੱਤ ਹੈ ਜੀ।

ਦਸਤਖਤ ਵਜੀਫਾ ਨੋਡਲ

ਦਸਤਖਤ ਸਕੂਲ ਮੁੱਖੀ